7 ਨਵੰਬਰ, 2023

# ਸਿਟੀ ਆਫ ਬ੍ਰੈਂਪਟਨ 2024 ਦੇ ਬਜਟ ਦੀ ਪ੍ਰਕਿਰਿਆ ਦੀ ਸ਼ੁਰੂਆਤ ਕਰ ਰਹੀ ਹੈ

*ਬ੍ਰੈਂਪਟਨ ਦੇ ਵਸਨੀਕਾਂ ਅਤੇ ਕਾਰੋਬਾਰਾਂ ਨੂੰ ਆਪਣੀ ਰਾਏ ਦੇਣ ਲਈ ਸੱਦਾ ਦਿੱਤਾ ਜਾਂਦਾ ਹੈ*

ਬ੍ਰੈਂਪਟਨ, ਓਨਟੈਰੀਓ – ਸਿਟੀ ਆਫ ਬ੍ਰੈਂਪਟਨ ਦੇ ਮੇਅਰ ਦੇ ਪਹਿਲੇ ਬਜਟ ਦੇ ਹਿੱਸੇ ਵਜੋਂ, ਵਸਨੀਕਾਂ ਅਤੇ ਕਾਰੋਬਾਰਾਂ ਨੂੰ ਆਪਣਾ ਫੀਡਬੈਕ ਸਾਂਝਾ ਕਰਨ ਲਈ ਸੱਦਾ ਦਿੱਤਾ ਜਾਂਦਾ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿਟੀ, ਰਹਿਣ, ਵਿਕਸਿਤ ਹੋਣ ਅਤੇ ਨਿਵੇਸ਼ ਕਰਨ ਲਈ ਸਰਬੋਤਮ ਥਾਵਾਂ ਵਿੱਚੋਂ ਇੱਕ ਹੈ। ਕਮਿਉਨਿਟੀ ਫੀਡਬੈਕ, ਬ੍ਰੈਂਪਟਨ ਦੇ 2024 ਦੇ ਬਜਟ ਨੂੰ ਬਿਹਤਰ ਬਣਾਉਣ ਲਈ ਮਦਦ ਵਿੱਚ ਇੱਕ ਬੇਹੱਦ ਮਹੱਤਵਪੂਰਣ ਕਦਮ ਹੈ।

2024 ਦੇ ਬਜਟ ਦੀ ਪ੍ਰਕਿਰਿਆ ਲਈ, ਮੇਅਰ ਪੈਟਰਿਕ ਬ੍ਰਾਊਨ (Patrick Brown), ਕਾਊਂਸਲਰਸ ਅਤੇ ਸਟਾਫ, ਇਸ ਗੱਲ ਨੂੰ ਬਿਹਤਰ ਢੰਗ ਨਾਲ ਸਮਝਣ ਵਾਸਤੇ, ਕਈ ਤਰ੍ਹਾਂ ਦੇ ਪਬਲਿਕ ਸ਼ਮੂਲੀਅਤ ਦੇ ਮੌਕਿਆਂ ਦਾ ਆਯੋਜਨ ਕਰੇਗਾ ਕਿ ਬ੍ਰੈਂਪਟਨ ਦੇ ਵਸਨੀਕਾਂ, ਕਾਰੋਬਾਰਾਂ, ਕਮਿਉਨਿਟੀ ਗਰੁੱਪਾਂ ਅਤੇ ਲੋਕਲ ਸਟੇਕਹੋਲਡਰਾਂ ਲਈ ਕਿਹੜੀ ਚੀਜ਼ ਸਭ ਤੋਂ ਵੱਧ ਮਾਇਨੇ ਰੱਖਦੀ ਹੈ।

**ਆਪਣੀ ਰਾਏ ਦੇਣ ਲਈ ਤਾਰੀਖਾਂ ਯਾਦ ਰੱਖੋ**

*ਬ੍ਰੈਂਪਟਨ ਬਿਜਨੇਸ ਵਰਚੁਅਲ ਰਾਊਂਡਟੇਬਲ (Brampton Business Virtual Roundtable)*

ਮੰਗਲਵਾਰ, 21 ਨਵੰਬਰ, 2023
ਸਵੇਰੇ 9:30 ਵਜੇ

ਰਜਿਸਟਰ ਕਰਨ ਲਈ, ਕਿਰਪਾ ਕਰਕੇ ਇੱਥੇ ਕਲਿੱਕ ਕਰੋ (please click here)।

*ਟੈਲੀਫੋਨ ਟਾਊਨ ਹਾਲ (Telephone Town Hall)*

ਮੇਅਰ ਪੈਟਰਿਕ ਬ੍ਰਾਊਨ ਅਤੇ ਸਿਟੀ ਦਾ ਸਟਾਫ, ਟੈਲੀਫੋਨ ਟਾਊਨ ਹਾਲ ਦਾ ਆਯੋਜਨ ਕਰੇਗਾ, ਜਿਸ ਵਿੱਚ ਵਸਨੀਕਾਂ ਨੂੰ ਕਮਿਉਨਿਟੀ ਤਰਜੀਹਾਂ ਸਾਂਝੀਆਂ ਕਰਨ, ਸਵਾਲ ਪੁੱਛਣ ਅਤੇ ਵਿਚਾਰ ਪੇਸ਼ ਕਰਨ ਦਾ ਮੌਕਾ ਦਿੱਤਾ ਜਾਵੇਗਾ, ਜਦੋਂ ਬ੍ਰੈਂਪਟਨ ਦੇ 2024 ਦਾ ਬਜਟ ਤਿਆਰ ਕੀਤਾ ਜਾ ਰਿਹਾ ਹੈ।

ਮੰਗਲਵਾਰ, 21 ਨਵੰਬਰ, 2023
ਸ਼ਾਮ 7 ਵਜੇ ਤੋਂ ਰਾਤ 8:30 ਵਜੇ ਤੱਕ

ਕਾੱਲ ਪ੍ਰਾਪਤ ਕਰਨ ਲਈ ਸਾਈਨ ਅੱਪ ਕਰਨ ਅਤੇ ਸੁਣਨ ਲਈ, ਕਿਰਪਾ ਕਰਕੇ ਇੱਥੇ ਕਲਿੱਕ ਕਰੋ (please click here)।

ਵਸਨੀਕ, ਔਨਲਾਈਨ ਇੱਥੇ (online here) ਵੀ ਸੁਣ ਸਕਦੇ ਹਨ।

*ਵਾਰਡ ਕੌਫੀ ਚੈਟਸ (Ward Coffee Chats)*

ਡ੍ਰੌਪ-ਇਨ (ਬਿਨਾਂ ਮੁਲਾਕਾਤ ਬੁੱਕ ਕੀਤੇ) ਸਟਾਈਲ ਕੌਫੀ ਚੈਟ ਲਈ ਮੇਅਰ ਅਤੇ ਆਪਣੇ ਲੋਕਲ ਏਰੀਆ ਕਾਉਂਸਲਰਸ ਨਾਲ ਜੁੜੋ। ਵਸਨੀਕਾਂ ਕੋਲ ਵਿਚਾਰ, ਹੱਲ ਅਤੇ ਕਮਿਉਨਿਟੀ ਤਰਜੀਹਾਂ ਸਾਂਝੀਆਂ ਕਰਨ ਦਾ ਮੌਕਾ ਹੋਵੇਗਾ।

**ਬੁੱਧਵਾਰ, 22 ਨਵੰਬਰ, 2023**

ਰੀਜਨਲ ਕਾਉਂਸਲਰਸ, ਮਾਈਕਲ ਪਲੇਸ਼ੀ (Michael Palleschi) ਅਤੇ ਨਵਜੀਤ ਕੌਰ ਬਰਾੜ (Navjit Kaur Brar), ਵਾਰਡਸ 2 ਅਤੇ 6 ਦੀ ਨੁਮਾਇੰਦਗੀ ਕਰ ਰਹੇ ਹਨ
ਸਮਾਂ: ਸ਼ਾਮ 7 ਵਜੇ ਤੋਂ ਰਾਤ 8:30 ਵਜੇ ਤੱਕ
ਸਥਾਨ: ਗ੍ਰੇਸ ਕੈਨੇਡਿਅਨ ਰੀਫੋਰਮਡ ਚਰਚ, 10301 ਕ੍ਰੈਡਿਟਵਿਊ ਰੋਡ, ਬ੍ਰੈਂਪਟਨ, ਓਨਟੈਰੀਓ (Grace Canadian Reformed Church, 10301 Creditview Road, Brampton ON) ਵਿਖੇ ਫੈਲੋਸ਼ਿਪ ਹਾਲ (Fellowship Hall)

**ਸੋਮਵਾਰ, 27 ਨਵੰਬਰ, 2023**

ਰੀਜਨਲ ਕਾਉਂਸਲਰਸ, ਪਾੱਲ ਵਿਸੇਂਟ (Paul Vicente) ਅਤੇ ਰੋਏਨਾ ਸੈਨਟੋਸ (Rowena Santos), ਵਾਰਡਸ 1 ਅਤੇ 5 ਦੀ ਨੁਮਾਇੰਦਗੀ ਕਰ ਰਹੇ ਹਨ
ਸਮਾਂ: ਸ਼ਾਮ 5 ਵਜੇ ਤੋਂ 6:30 ਵਜੇ ਤੱਕ
ਸਥਾਨ: ਫੈਨ "ਡੀ" ਫਲੇਮ ਰੈਸਟੋਰੈਂਟ, 30 ਗਿਲਿੰਘਮ ਡ੍ਰਾਈਵ, ਯੂਨਿਟ 503, ਬ੍ਰੈਂਪਟਨ, ਓਨਟੈਰੀਓ (Fan "D" Flame Restaurant, 30 Gillingham Drive, Unit 503, Brampton ON)

ਰੀਜਨਲ ਕਾਉਂਸਲਰਸ, ਮਾਰਟਿਨ ਮੇਡੇਇਰੋਸ (Martin Medeiros) ਅਤੇ ਡੇਨਿਸ ਕੀਨਨ (Dennis Keenan), ਵਾਰਡਸ 3 ਅਤੇ 4 ਦੀ ਨੁਮਾਇੰਦਗੀ ਕਰ ਰਹੇ ਹਨ
ਸਮਾਂ: ਸ਼ਾਮ 7 ਵਜੇ ਤੋਂ ਰਾਤ 8:30 ਵਜੇ ਤੱਕ
ਸਥਾਨ: ਚੈਟਟਾਈਮ, 150 ਵੈਸਟ ਡ੍ਰਾਈਵ, ਯੂਨਿਟ 101A, ਬ੍ਰੈਂਪਟਨ, ਓਨਟੈਰੀਓ (Chatime, 150 West Drive, Unit 101A, Brampton ON)

**ਮੰਗਲਵਾਰ, 28 ਨਵੰਬਰ, 2023**

ਰੀਜਨਲ ਕਾਉਂਸਲਰ, ਪੈਟ ਫੋਰਟਿਨੀ (Pat Fortini) ਅਤੇ ਸਿਟੀ ਕਾਉਂਸਲਰ, ਰੋਡ ਪਾਵਰ (Rod Power), ਵਾਰਡਸ 7 ਅਤੇ 8 ਦੀ ਨੁਮਾਇੰਦਗੀ ਕਰ ਰਹੇ ਹਨ
ਸਮਾਂ: ਦੁਪਹਿਰ ਬਾਅਦ 3 ਵਜੇ ਤੋਂ ਸ਼ਾਮ 4:30 ਵਜੇ ਤੱਕ
ਸਥਾਨ: ਮੋਲਿਸਨਾ ਬੇਕਰੀ, 2 ਫਿਲੋਸਫਰਸ ਟ੍ਰੇਲ, ਬ੍ਰੈਂਪਟਨ, ਓਨਟੈਰੀਓ (Molisana Bakery, 2 Philosophers Trail, Brampton ON)

ਰੀਜਨਲ ਕਾਉਂਸਲਰ,, ਗੁਰਪ੍ਰਤਾਪ ਸਿੰਘ ਤੂਰ (Gurpartap Singh Toor) ਅਤੇ ਡਿਪਟੀ ਮੇਅਰ ਅਤੇ ਸਿਟੀ ਕਾਉਂਸਲਰ, ਹਰਕੀਰਤ ਸਿੰਘ (Harkirat Singh), ਵਾਰਡਸ 9 ਅਤੇ 10 ਦੀ ਨੁਮਾਇੰਦਗੀ ਕਰ ਰਹੇ ਹਨ
ਸਮਾਂ: ਸ਼ਾਮ 7 ਵਜੇ ਤੋਂ ਰਾਤ 8:30 ਵਜੇ ਤੱਕ
ਸਥਾਨ: ਮਾਈ ਟੀ ਬਾਰ, 10960 ਗੋਰਵੇ ਡ੍ਰਾਈਵ, ਯੂਨਿਟ A1, ਬ੍ਰੈਂਪਟਨ, ਓਨਟੈਰੀਓ (My Tea Bar, 10960 Goreway Drive, Unit A1, Brampton ON)

**ਬ੍ਰੈਂਪਟਨ ਦੀ ਬਜਟ ਵਿਕਾਸ ਪ੍ਰਕਿਰਿਆ ਬਾਰੇ**

ਸਿਟੀ ਦੀ ਸਾਲਾਨਾ ਬਜਟ ਪ੍ਰਕਿਰਿਆ, ਗੱਲਬਾਤਾਂ ਅਤੇ ਸ਼ਮੂਲੀਅਤ ਯਤਨਾਂ ਦੁਆਰਾ, ਬ੍ਰੈਂਪਟਨ ਦੇ ਨਾਗਰਿਕਾਂ ਨੂੰ ਜੋੜਦੀ ਹੈ, ਸਿੱਖਿਅਤ ਕਰਦੀ ਹੈ ਅਤੇ ਸੂਚਨਾ ਦਿੰਦੀ ਹੈ। ਇਹਨਾਂ ਯਤਨਾਂ ਵਿੱਚ ਸ਼ਾਮਲ ਹਨ, ਟੈਲੀਫੋਨ ਟਾਊਨ ਹਾਲਸ, ਕੌਫੀ ਚੈਟਸ, ਵਿਗਿਆਪਨ, ਨਿਊਜ ਰਿਲੀਜਾਂ, ਸੋਸ਼ਲ ਮੀਡੀਆ ਅਤੇ ਸਿਟੀ ਦੀ ਬਜਟ ਵੈਬਸਾਈਟ।

ਪ੍ਰਸਤਾਵਿਤ ਬਜਟ, ਮੇਅਰ ਪੈਟਰਿਕ ਬ੍ਰਾਊਨ ਵੱਲੋਂ ਪੇਸ਼ ਕੀਤੇ ਜਾਣ ਤੋਂ ਬਾਅਦ, ਬੁੱਧਵਾਰ, 29 ਨਵੰਬਰ, 2023 ਨੂੰ, ਸਿਟੀ ਦੀ ਵੈਬਸਾਈਟ ਤੇ ਪੋਸਟ ਕੀਤਾ ਜਾਵੇਗਾ।

ਪਬਲਿਕ ਪ੍ਰਤੀਨਿਧੀ ਮੰਡਲ ਅਤੇ ਕਾਉਂਸਿਲ ਚਰਚਾਵਾਂ, ਮੰਗਲਵਾਰ, 5 ਦਸੰਬਰ ਨੂੰ ਸ਼ੁਰੂ ਹੋਣਗੀਆਂ ਅਤੇ ਅੰਤਿਮ ਬਜਟ ਪ੍ਰਵਾਨਗੀ, 13 ਦਸੰਬਰ, 2023 ਨੂੰ ਹੋਵੇਗੀ।

*ਦ ਮਿਊਨਿਸਿਪਲ ਐਕਟ, 2001 (The Municipal Act, 2001)*, ਸਿਟੀ ਦੇ ਬਜਟ ਸਬੰਧੀ ਅਧਿਕਾਰਾਂ ਅਤੇ ਡਿਊਟੀਆਂ ਦਾ ਸਾਰ ਦਿੰਦਾ ਹੈ, ਜੋ ਹੁਣ ਮੇਅਰ ਨੂੰ ਦਿੱਤੇ ਜਾਂਦੇ ਹਨ। ਕਨੂੰਨ ਕਹਿੰਦਾ ਹੈ,*"ਵਿਧਾਨਾਂ ਦੇ ਮੁਤਾਬਕ, ਕਾਉਂਸਿਲ ਦਾ ਮੁਖੀ, ਸਿਟੀ ਲਈ ਪ੍ਰਸਤਾਵਿਤ ਬਜਟ ਤਿਆਰ ਕਰੇ ਅਤੇ ਸਿਟੀ ਕਾਉਂਸਿਲ ਵੱਲੋਂ ਵਿਚਾਰ ਕਰਨ ਲਈ ਪ੍ਰਸਤਾਵਿਤ ਬਜਟ ਸਿਟੀ ਨੂੰ ਪ੍ਰਦਾਨ ਕਰੇ।"*

ਜਦੋਂ ਮੇਅਰ, ਕਾਉਂਸਿਲ ਨੂੰ ਪ੍ਰਸਤਾਵਿਤ ਬਜਟ ਰਿਲੀਜ਼ ਕਰਦਾ ਹੈ, ਤਾਂ ਕਾਉਂਸਿਲ ਵਾਸਤੇ ਬਜਟ ਤੇ ਵਿਚਾਰ ਕਰਨ ਲਈ 30-ਦਿਨਾਂ ਦੀ ਮਿਆਦ ਸ਼ੁਰੂ ਹੋ ਜਾਂਦੀ ਹੈ, ਜਿਸਦੇ ਦੌਰਾਨ ਕਾਉਂਸਿਲ, ਮੇਅਰ ਦੇ ਬਜਟ ਵਿੱਚ ਸੋਧ ਕਰਨ ਲਈ ਮਤੇ ਲੈ ਸਕਦੀ ਹੈ। ਕਾਉਂਸਿਲ, ਮਤੇ ਦੁਆਰਾ 30-ਦਿਨਾਂ ਦੀ ਮਿਆਦ ਨੂੰ ਘਟਾ ਵੀ ਸਕਦੀ ਹੈ। 30-ਦਿਨਾਂ (ਜਾਂ ਘੱਟ ਕੀਤੀ) ਮਿਆਦ ਖਤਮ ਹੋਣ ਦੇ ਬਾਅਦ, ਇਹ ਮੰਨਿਆ ਜਾਂਦਾ ਹੈ ਕਿ ਬਜਟ ਨੂੰ ਅਪਨਾ ਲਿਆ ਗਿਆ ਹੈ (ਜੇਕਰ ਬਜਟ ਵਿੱਚ ਸੋਧ ਕਰਨ ਲਈ ਕਾਉਂਸਿਲ ਦੇ ਕੋਈ ਮਤੇ ਪਾਸ ਨਾ ਕੀਤੇ ਗਏ ਹੋਣ)।

ਜੇਕਰ ਬਜਟ ਵਿੱਚ ਸੋਧ ਕਰਨ ਲਈ ਕਾਉਂਸਿਲ ਦਾ ਮਤਾ ਪਾਸ ਕੀਤਾ ਜਾਂਦਾ ਹੈ, ਤਾਂ ਮੇਅਰ ਕੋਲ ਬਜਟ ਵਿੱਚ ਸੋਧ ਕਰਨ ਵਾਲੇ ਕਾਉਂਸਿਲ ਦੇ ਮਤੇ ਦੇ ਵੀਟੋ ਤੇ ਵਿਚਾਰ ਕਰਨ ਲਈ 10-ਦਿਨਾਂ ਦੀ ਮਿਆਦ ਹੁੰਦੀ ਹੈ। ਬਜਟ ਵਿੱਚ ਸੋਧ ਕਰਨ ਵਾਲੇ ਕਾਉਂਸਿਲ ਦੇ ਮਤੇ ਦੇ ਵੀਟੋ ਲਈ ਮੇਅਰ ਵੱਲੋਂ ਲਏ ਗਏ ਕਿਸੇ ਵੀ ਫੈਸਲੇ ਵਾਸਤੇ, ਕਾਉਂਸਿਲ ਕੋਲ 15-ਦਿਨ ਦੀ ਮਿਆਦ ਹੁੰਦੀ ਹੈ, ਜਿਸ ਵਿੱਚ ਉਹ ਕਾਉਂਸਿਲ ਦੇ ਸਾਰੇ ਮੈਂਬਰਾਂ ਵਿੱਚੋਂ ਦੋ-ਤਿਹਾਈ ਮੈਂਬਰਾਂ ਦੇ ਵੋਟ ਦੁਆਰਾ ਮੇਅਰ ਦੇ ਵੀਟੋ ਫੈਸਲੇ ਨੂੰ ਰੱਦ ਕਰਨ ਤੇ ਵਿਚਾਰ ਕਰਦੀ ਹੈ।

**ਸਿਟੀ ਆਫ ਬ੍ਰੈਂਪਟਨ ਦਾ ਕਾਰਪੋਰੇਟ ਸਟ੍ਰੈਟਜਿਕ ਪਲਾਨ**

ਇਸ ਸਾਲ ਦਾ ਬਜਟ, ਸਿਟੀ ਆਫ ਬ੍ਰੈਂਪਟਨ ਦੇ ਕਾਰਪੋਰੇਟ ਸਟ੍ਰੈਟਜਿਕ ਪਲਾਨ 2022-2026 (City of Brampton's Corporate Strategic Plan 2022-2026) ਦੀ ਹਿਮਾਇਤ ਕਰਦਾ ਹੈ, ਜੋ ਛੇ ਫੋਕਸ ਖੇਤਰਾਂ ਨੂੰ ਤਰਜੀਹ ਦਿੰਦਾ ਹੈ:

- ਸ਼ਹਿਰੀ ਕੇਂਦਰਾਂ ਅਤੇ ਨੇਬਰਹੁੱਡਸ ਨੂੰ ਵਿਕਸਿਤ ਕਰਨਾ,
- ਸੱਭਿਆਚਾਰ ਅਤੇ ਵੰਨ-ਸੁਵੰਨਤਾ,
- ਸਿਹਤ ਅਤੇ ਭਲਾਈ,
- ਵਾਤਾਵਰਣ ਸਬੰਧੀ ਨਿਰੰਤਰਤਾ ਅਤੇ ਸਥਿਰਤਾ,
- ਟ੍ਰਾਂਜ਼ਿਟ ਅਤੇ ਕਨੈਕਟੀਵਿਟੀ, ਅਤੇ
- ਸਰਕਾਰ ਅਤੇ ਲੀਡਰਸ਼ਿਪ

ਸਟ੍ਰੈਟਜਿਕ ਪਲਾਨ (Strategic Plan), ਜੋ ਇਸ ਸਾਲ ਦੇ ਅੰਤ ਵਿੱਚ ਪਬਲਿਕ ਨਾਲ ਸਾਂਝਾ ਕੀਤਾ ਜਾਵੇਗਾ, ਸਿਟੀ ਦੇ ਬਜਟਾਂ, ਮਾਸਟਰ ਪਲਾਨਾਂ, ਪ੍ਰੋਜੈਕਟਾਂ, ਸੇਵਾਵਾਂ ਅਤੇ ਵਸੀਲਿਆਂ ਲਈ ਸੰਦਰਭ ਤੈਅ ਕਰਦਾ ਹੈ।

**ਵਾਧੂ ਵਸੀਲੇ**

ਸਿਟੀ ਆਫ ਬ੍ਰੈਂਪਟਨ ਦੇ 2024 ਦੇ ਬਜਟ ਬਾਰੇ ਵਧੇਰੇ ਜਾਣਕਾਰੀ ਲਈ, www.Brampton.ca/budget ਤੇ ਜਾਓ।

ਸਿਟੀ ਕਾਉਂਸਿਲ ਮੀਟਿੰਗ (City Council Meeting) ਵਿੱਚ ਪੇਸ਼ ਹੋਣ ਬਾਰੇ ਵਧੇਰੇ ਜਾਣਕਾਰੀ ਲਈ, ਸਿਟੀ ਆਫ ਬ੍ਰੈਂਪਟਨ (City of Brampton) | ਕਾਉਂਸਿਲ ਅਤੇ ਕਮੇਟੀਆਂ (Council and Committees) | ਪਬਲਿਕ ਮੀਟਿੰਗਾਂ ਵਿੱਚ ਸ਼ਾਮਲ ਹੋਵੋ, ਕਮੇਟੀ ਵਿੱਚ ਹਿੱਸਾ ਲਵੋ ਜਾਂ ਇਸ ਨਾਲ ਜੁੜੋ (Attend public meetings, participate or join a committee) ਤੇ ਜਾਓ।

-30-

**ਮੀਡੀਆ ਸੰਪਰਕ**
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca